# ੧ਓ ਸਤਿਗੁਰ ਪ੍ਰਸਾਦਿ॥

ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਚਲ ਰਹੇ
ਪਵਿੱਤ੍ਰ ਜੀਵਨ ਦਾ ੧੯੯੭ ਤਕ ਦਾ ਇਲਾਹੀ ਵਰਤਾਂਤ ਵਾਹਿਗੁਰੂ ਨੇ ਬਖਸ਼ਿਸ਼ ਕਰਕੇ
"ਅਸਚਰਜ ਵਸਤੂ" ਪੁਸਤਕ, ਰਾਹੀਂ ਸੰਸਾਰ ਵਿਚ ਪ੍ਰਗਟ ਕਰਾਇਆ।
੧੯੯੭ ਤੋਂ ਬਾਦ ਦੀ ਮਹਾਰਾਜ ਜੀਆਂ ਦੀ ਚਲਦੀ ਪਾਵਨ ਜੀਵਨ ਯਾਤਰਾ
ਅਤੇ ਜੋ ਪਰਉਪਕਾਰ ਉਨ੍ਹਾਂ ਦੇ ਪਵਿੱਤ੍ਰ ਸ਼ਰੀਰ ਰਾਹੀਂ ਹੋ ਰਹੇ ਹਨ ਦਾ ਵਰਨਣ
ਅਕਾਲ ਪੁਰਖ ਨੇ ਮੇਹਰ ਕਰਕੇ "ਅਸਚਰਜ ਵਸਤੂ ਭਾਗ – ੨ (ਡਿਜੀਟਲ)"
ਵਿਖੇ ਕਰਵਾਇਆ ਹੈ।
ਸੰਸਾਰ ਦੀ ਕੋਈ ਵੀ ਲੇਖਨੀ ਮਹਾਪੁਰਸ਼ਾਂ ਦਾ ਸੰਪੂਰਨ ਜੀਵਨ
ਸ਼ਬਦ ਰੂਪ ਵਿੱਚ ਅਵਤਰਿਤ ਕਰਨ ਵਿੱਚ ਸਮਰੱਥ ਨਹੀਂ।

ਪੰਚਮ ਪਾਤਿਸ਼ਾਹ ਜੀ ਦਾ ਫ਼ਰਮਾਨ ਹੈ :

**"ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ॥"**

ਬ੍ਰਹਮ ਬੇਤੇ ਦੀ ਕੀਰਤੀ ਦਾ ਇੱਕ ਅੱਧਾ ਅੱਖਰ ਭੀ ਬਿਆਨ ਨਹੀਂ ਕੀਤਾ ਜਾ ਸਕਦਾ।
ਕਿਸੇ ਮਹਾਪੁਰਖ ਦੇ ਪੂਰੇ ਪੂਰੇ ਪਰਉਪਕਾਰਾਂ ਦਾ ਵਰਨਣ ਕਰਨਾ ਇਉਂ ਸੰਭਵ ਨਹੀਂ ਜਿਵੇਂ,
ਸਮੁੰਦਰ ਦੀਆਂ ਲਹਿਰਾਂ, ਸੂਰਜ ਦੀਆਂ ਕਿਰਨਾਂ ਅਤੇ ਬਸੰਤ ਰੁਤ ਦੇ ਫੁੱਲਾਂ ਦੀ
ਗਿਣਤੀ ਕਰਨੀ ਅਸੰਭਵ ਹੈ, ਬਸ ਐਸਾ ਹੀ ਸਮਝੋ !
ਫਿਰ ਭੀ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਦੁਆਰਾ,
ਉਸਦੇ ਬਖਸ਼ੇ ਬੁੱਧੀ ਬਲ ਨਾਲ ਜਿਤਨਾ ਕੁ ਸੰਭਵ ਹੋ ਸਕਿਆ,
ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰਮੇਸ਼ਵਰ ਨੇ ਦਿਆਲਤਾ ਦੇ ਘਰ ਵਿਚ ਆ ਕੇ
"ਅਸਚਰਜ ਵਸਤੂ ਭਾਗ–੨" ਦੀ ਰਚਨਾ ਦਾ ਸੰਕਲਪ ਬਖਸ਼ਿਆ
ਅਤੇ ਬੇਅੰਤ ਮੇਹਰਾਂ ਕਰਕੇ ਹਥਲੇ ਰੂਪ ਵਿੱਚ ਸੰਕਲਨ ਕਰਵਾਇਆ।
ਇਸ ਪਵਿੱਤ੍ਰ ਕਾਰਜ ਨੂੰ ਕਰਦੇ ਹੋਇਆਂ ਭੁੱਲ ਕਰਕੇ ਅਨੇਕਾਂ ਊਣਤਾਈਆਂ ਰਹਿ ਗਈਆਂ ਹੋਣਗੀਆਂ,
ਕਿਉਂਕਿ ਛੋਟੇ ਬੁੱਧੀ ਬਲ ਦੁਆਰਾ ਕੀਤੇ ਹੋਏ ਕਰਤਬ ਭਾਵੇਂ ਸਿਆਣੇ ਪੁਰਸ਼ਾਂ ਦੇ ਹਾਸੇ ਦਾ ਹੀ ਵਿਸ਼ਾ
ਹੋਇਆ ਕਰਦੇ ਹਨ ਪਰੰਤੂ ਦਾਨੇ ਸੱਜਣ ਸੁਭਾਵ ਦੇ ਉਦਾਰਚਿੱਤ ਅਤੇ ਫਿਰਾਕਦਿਲ ਹੋਣ ਕਰਕੇ,
ਚਿਤਾਰਦੇ ਨਹੀਂ।

"ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥"